# ਖਾਣ, ਚਿਪਸ ਬਣਾਉਣ ਲਈ ਆਲੂ ਦੀਆਂ 4 ਨਵੀਆਂ ਕਿਸਮਾਂ ਨੂੰ ਦੇਸ਼ ਵਿੱਚ ਖੇਤੀ ਲਈ ਮੰਜ਼ੂਰੀ ਮਿਲੀ

ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਆਲੂ ਦੀਆਂ ਚਾਰ ਨਵੀਆਂ ਕਿਸਮਾਂ ਨੂੰ ਦੇਸ਼ ਵਿੱਚ ਖੇਤੀ ਅਤੇ ਬੀਜ ਦੀ ਪੈਦਾਵਾਰ ਲਈ ਮੰਜ਼ੂਰੀ ਦਿੱਤੀ ਹੈ ਜਿਹੜੀਆਂ ਕਿ ਖਾਣ ਅਤੇ ਚਿਪਸ ਬਣਾਉਣ ਲਈ ਢੁੱਕਵੀਆਂ ਹਨ। ਇਹ ਕਿਸਮਾਂ ਕੇਂਦਰੀ ਆਲੂ ਖੋਜ ਸੰਸਥਾ (ਸੀ ਪੀ ਆਰ ਆਈ), ਸ਼ਿਮਲਾ, ਨੇ ਵਿਕਸਤ ਕੀਤੀਆਂ ਹਨ। ਇਹ ਕਿਸਮਾਂ ਹਨ ਕੁਫਰੀ ਰਤਨ, ਕੁਫਰੀ ਤੇਜਸ, ਕੁਫਰੀ ਚਿਪਭਾਰਤ-1 ਅਤੇ ਕੁਫਰੀ ਚਿਪਭਾਰਤ-2।

ਕੁਫਰੀ ਰਤਨ ਲਾਲ ਛਿਲਕੇ ਵਾਲਾ ਆਲੂ ਹੈ ਜਿਹੜਾ ਖਾਣ ਦੇ ਕੰਮ ਆਉਂਦਾ ਹੈ। ਇਹ 90 ਦਿਨਾਂ ਵਿੱਚ ਪੁਟਾਈ ਲਈ ਤਿਆਰ ਹੋ ਜਾਂਦਾ ਹੈ। ਇਸਦਾ ਔਸਤ ਝਾੜ 370-390 ਕਵਿੰਟਲ ਪ੍ਰਤੀ ਹੈਕਟੇਅਰ (ਕਰੀਬ 150-160 ਕਵਿੰਟਲ ਪ੍ਰਤੀ ਏਕੜ) ਹੈ। ਇਸਦੀ ਸਿਫ਼ਾਰਿਸ਼ ਉੱਤਰ ਭਾਰਤ ਦੇ ਮੈਦਾਨੀ ਇਲਾਕਿਆਂ ਅਤੇ ਪਠਾਰੀ ਖੇਤਰਾਂ ਵਿੱਚ ਬਿਜਾਈ ਲਈ ਕੀਤੀ ਗਈ ਹੈ। ਇਹ ਆਲੂ ਲੰਮੇ ਸਮੇਂ ਤਕ ਖ਼ਰਾਬ ਨਹੀਂ ਹੁੰਦਾ।

ਕੁਫਰੀ ਤੇਜ ਗਰਮੀ ਬਰਦਾਸ਼ਤ ਕਰਨ ਵਾਲੀ ਕਿਸਮ ਹੈ, ਜਿਹੜੀ ਖਾਣ ਲਈ ਵਰਤੀ ਜਾਂਦੀ ਹੈ। ਇਹ ਵੀ 90 ਦਿਨਾਂ ਵਿੱਚ ਪੁਟਾਈ ਲਈ ਤਿਆਰ ਹੋ ਜਾਂਦੀ ਹੈ। ਇਸਦਾ ਔਸਤ ਝਾੜ 370-400 ਕਵਿੰਟਲ ਪ੍ਰਤੀ ਹੈਕਟੇਅਰ (ਕਰੀਬ 150-160 ਕਵਿੰਟਲ ਪ੍ਰਤੀ ਏਕੜ) ਹੈ। ਇਸਦੀ ਸਿਫ਼ਾਰਿਸ਼ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਬਿਜਾਈ ਲਈ ਕੀਤੀ ਗਈ ਹੈ।

ਕੁਫਰ ਚਿਪਭਾਰਤ-1 ਕਿਸਮ ਚਿਪਸ ਬਣਾਉਣ ਲਈ ਹੈ। ਇਹ ਕਿਸਮ 100 ਦਿਨਾਂ ਵਿੱਚ ਪੁਟਾਈ ਲਈ ਤਿਆਰ ਹੋ ਜਾਂਦੀ ਹੈ। ਇਸਦਾ ਔਸਤ ਝਾੜ 350-380 ਕਵਿੰਟਲ ਪ੍ਰਤੀ ਹੈਕਟੇਅਰ (ਕਰੀਬ 140-150 ਕਵਿੰਟਲ ਪ੍ਰਤੀ ਏਕੜ) ਹੈ। ਇਸ ਵਿੱਚ ਘੱਟ ਸ਼ੱਕਰ ਦਾ ਮਾਤਰਾ ਘੱਟ ਅਤੇ ਸੱਕਾ ਮਾਦਾ ਵੱਧ ਹੁੰਦਾ

ਹੈ ਜਿਸ ਕਾਰਨ ਚਿਪਸ ਦਾ ਰੰਗ ਵਧੀਆ ਆਉਂਦਾ ਹੈ। ਕੁਫਰ ਚਿਪਭਾਰਤ-1 ਸਿਫ਼ਾਰਿਸ਼ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ, ਰਾਜਸਥਾਨ, ਕਰਨਾਟਕ, ਤੇਲੰਗਾਨਾ ਅਤੇ ਤਾਮਿਲਨਾਡੂ ਵਿੱਚ ਬਿਜਾਈ ਲਈ ਕੀਤੀ ਗਈ ਹੈ।

ਕੁਫਰ ਚਿਪਭਾਰਤ-2 ਵੀ ਚਿਪਸ ਬਣਾਉਣ ਲਈ ਜਲਦੀ ਤਿਆਰ ਹੋਣ ਵਾਲੀ ਕਿਸਮ ਹੈ। ਇਹ ਕਿਸਮ 90 ਦਿਨਾਂ ਵਿੱਚ ਪੁਟਾਈ ਲਈ ਤਿਆਰ ਹੋ ਜਾਂਦੀ ਹੈ। ਇਸਦਾ ਔਸਤ ਝਾੜ 350-370 ਕਵਿੰਟਲ ਪ੍ਰਤੀ ਹੈਕਟੇਅਰ (ਕਰੀਬ 140-150 ਕਵਿੰਟਲ ਪ੍ਰਤੀ ਏਕੜ) ਹੈ। ਇਸਨੂੰ ਲੰਮੇ ਸਮੇਂ ਤੱਕ ਸਾਂਭ ਕੇ ਰੱਖਿਆ ਜਾ ਸਕਦਾ ਹੈ। ਕੁਫਰ ਚਿਪਭਾਰਤ-1 ਸਿਫ਼ਾਰਿਸ਼ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਗੁਜਰਾਤ, ਰਾਜਸਥਾਨ, ਕਰਨਾਟਕ, ਤੇਲੰਗਾਨਾ ਅਤੇ ਤਾਮਿਲਨਾਡੂ ਵਿੱਚ ਬਿਜਾਈ ਲਈ ਕੀਤੀ ਗਈ ਹੈ।